# ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ

ਨੰ. IDSP/NHM/P6/20/4946-4967 ਮਿਤੀ 15/05/2020

ਵੱਲ

ਸਮੂਹ ਸਿਵਲ ਸਰਜਨ
ਪੰਜਾਬ

**ਵਿਸ਼ਾ:-** **ਪੰਜਾਬ ਰਾਜ ਵਿੱਚ ਬਾਹਰਲੇ ਰਾਜਾਂ ਤੋਂ ਆਏ ਰਿਟਰਨੀ ਕੋਰੋਨਾ ਪੋਜਟਿਵ ਮਰੀਜਾ ਦੀ ਕੰਟੈਕਟ ਟਰੇਸਿੰਗ ਭੇਜਣ ਬਾਰੇ।**

ਉਪਰੋਕਤ ਵਿਸ਼ੇ ਸਬੰਧੀ ਦੇਖਣ ਵਿੱਚ ਆਇਆ ਕਿ ਪੰਜਾਬ ਰਾਜ ਵਿੱਚ ਬਾਹਰਲੇ ਰਾਜਾਂ ਤੋਂ ਆਏ ਰਿਟਰਨੀ (ਨੰਦੇੜ, ਕੋਟਾ, ਪ੍ਰਵਾਸੀ ਮਜਦੂਰ ਆਦਿ) ਜੋ ਕੋਰੋਨਾ ਪੋਜਟਿਵ ਆਏ ਹਨ ਉਹਨਾਂ ਦੀ ਕੰਟੈਕਟ ਟਰੇਸਿੰਗ ਇਸ ਦਫਤਰ ਨੂੰ ਸਮੇਂ ਸਿਰ ਨਹੀਂ ਮਿਲ ਰਹੀ ਹੈ ਅਤੇ ਨਾ ਹੀ ਲਾਈਨ ਲਿਸਟ ਪੂਰੀ ਤਰ੍ਹਾਂ ਆ ਰਹੀ ਹੈ। ਜਿਸ ਕਾਰਨ ਰਾਜ ਪੱਧਰ ਤੇ ਰਿਪੋਟਿੰਗ ਵਿੱਚ ਦੇਰੀ ਹੋ ਜਾਂਦੀ ਹੈ।ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੇ ਜਿਲ੍ਹੇ ਵਿੱਚ ਪੰਜਾਬ ਰਾਜ ਵਿੱਚ ਬਾਹਰਲੇ ਰਾਜਾਂ ਤੋਂ ਆਏ ਰਿਟਰਨੀ (ਨੰਦੇੜ, ਕੋਟਾ, ਪ੍ਰਵਾਸੀ ਮਜਦੂਰ ਆਦਿ) ਜੋ ਕੋਰੋਨਾ ਪੋਜਟਿਵ ਆਏ ਹਨ ਉਹਨਾਂ ਦੀ ਕੰਟੈਕਟ ਟਰੇਸਿੰਗ ਦੀ ਰਿਪੋਰਟ ਸਮੇਤ ਕੰਪਲੀਟ ਲਾਈਨ ਲਿਸਟ ਦੇ ਨਾਲ ਰੋਜਾਨਾ ਸ਼ਾਮ 4 ਵਜੇ ਤੱਕ ਇਸ ਦਫਤਰ ਨੂੰ outbreakcellpunjab @gmail.com ਤੇ ਭੇਜਣੀ ਯਕੀਨੀ ਬਣਾਈ ਜਾਵੇ ਤਾਂ ਸਮੇਂ ਸਿਰ ਉੱਚ ਅਧਿਕਾਰੀਆ ਨੂੰ ਰਿਪੋਰਟ ਕੀਤੀ ਜਾ ਸਕੇ। ਦੇਰੀ ਦੀ ਨਿਰੋਲ ਜਿੰਮੇਵਾਰੀ ਆਪ ਦੀ ਹੋਵੇਗੀ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

**ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ।**

**ਪੱਤਰ ਨੰ.** IDSP/NHM/P6/20/4968-4970 **ਮਿਤੀ, ਚੰਡੀਗੜ੍ਹ** 15/05/2020

ਉਤਾਰਾ:-

1. ਪੀ.ਐਸ. ਟੂ ਪੀ.ਐਸ.ਐਚ.ਐਫ.ਡਬਲਯੂ ਨੂੰ ਮਾਨਯੋਗ ਪ੍ਰਮੁੱਖ ਸਕੱਤਰ ਸਿਹਤ ਜੀ ਦੀ ਸੂਚਨ ਹਿੱਤ।
2. ਪੀ.ਏ. ਟੂ ਐਮ.ਡੀ., ਐਨ.ਐਚ.ਐਮ. ਨੂੰ ਮਾਨਯੋਗ ਮਿਸ਼ਨ ਡਾਇਰੈਕਟਰ, ਐਨ.ਐਚ.ਐਮ. ਜੀ ਦੀ ਸੂਚਨਾ ਹਿੱਤ।
3. ਪੀ.ਏ. ਟੂ ਐਮ.ਡੀ., ਪੀ.ਐਚ.ਐਸ.ਸੀ. ਨੂੰ ਮਾਨਯੋਗ ਮੈਨੇਜਿੰਗ ਡਾਇਰੈਕਟਰ, ਪੀ.ਐਚ.ਐਸ.ਸੀ. ਜੀ ਦੀ ਸੂਚਨਾ ਹਿੱਤ।

**ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ।**